# ਭੂਮਿਕਾ

ਲੋਕ ਧਰਮ ਲੋਕਧਾਰਾ ਦਾ ਬੁਨਿਆਦੀ ਅੰਗ ਹੈ। ਵਿਸ਼ਵਾਸ, ਗੀਤ ਤੇ ਰਸਮ ਲੋਕ ਧਰਮ ਦਾ ਆਧਾਰ ਹਨ। ਲੋਕ ਧਰਮ ਸੰਬੰਧਿਤ ਸਭਿਆਚਾਰ ਦੇ ਕੇਂਦਰੀ ਕੋਡ ਦਾ ਅੰਗ ਹੁੰਦਾ ਹੈ। ਇਸ ਵਿਚ ਕਿਸੇ ਜਾਤੀ ਦੇ ਸੰਸਕਾਰ ਅਤੇ ਸਾਂਸਕ੍ਰਿਤਕ ਸਿਮਰਤੀਆਂ ਸਾਂਭੀਆਂ ਹੁੰਦੀਆਂ ਹਨ।

ਪੰਜਾਬ ਦੇ ਲੋਕ ਧਰਮ ਦੀਆਂ ਪੂਜਾ ਵਿਧੀਆਂ ਵੱਖ-ਵੱਖ ਇਤਿਹਾਸਕ ਪੜਾਵਾਂ ਵਿਚ ਰੂਪਾਂਤਰਿਤ ਹੁੰਦੀਆਂ ਹੋਈਆਂ, ਵਰਤਮਾਨ ਜੀਵਨ ਦੇ ਦੌਰ ਤੱਕ ਪਹੁੰਚੀਆਂ ਹਨ। ਵਿਸ਼ਵੀਕਰਨ ਦੇ ਇਸ ਦੌਰ ਵਿਚ ਸੂਚਨਾ ਕ੍ਰਾਂਤੀ ਦੇ ਪਾਸਾਰ ਨਾਲ, ਖਾਸ ਤੌਰ 'ਤੇ ਟੀ. ਵੀ. ਉਤੇ ਦਿੱਤੇ ਜਾਂਦੇ ਵਿਗਿਆਪਨਾਂ ਵਿਚ ਲੋਕ ਧਰਮ ਨੂੰ ਇਕ ਨਿਰੋਲ ਮਿਥਕ ਅਤੇ ਨਵੇਂ ਅੰਧ-ਵਿਸ਼ਵਾਸੀ ਰੂਪ ਵਿਚ ਪੇਸ਼ ਕੀਤਾ ਜਾ ਰਿਹਾ ਹੈ। ਪਰ ਜਿੱਥੇ ਲੋਕ ਧਰਮ ਹੁਣ ਤਕ ਪੰਜਾਬੀ ਲੋਕਾਂ ਦੀ ਮੂਲ ਮਾਨਵੀ ਆਸਥਾ ਅਤੇ ਜੀਵਨ ਜੁਗਤ ਵਜੋਂ ਪ੍ਰਵਾਨਤ ਰਿਹਾ ਹੈ ਉਥੇ ਇਸ ਦਾ ਹੁਣ ਦੇ ਸਮਿਆਂ ਵਿਚ ਦੁਰਉਪਯੋਗ ਵੀ ਵੱਡੇ ਪੱਧਰ ਉੱਤੇ ਹੋਣਾ ਆਰੰਭ ਹੋ ਗਿਆ ਹੈ। ਜਿੰਨਾਂ ਚਿਰ ਲੋਕ ਧਰਮ ਦੇ ਪੁਰਾਤੱਤਵੀ ਆਧਾਰਾਂ ਨੂੰ ਖੋਜਿਆ ਨਹੀਂ ਜਾਂਦਾ ਉਨਾਂ ਚਿਰ ਇਸ ਨੂੰ ਅੰਧ ਵਿਸ਼ਵਾਸਾਂ ਅਤੇ ਵਹਿਮ ਭਰਮਾਂ ਦੇ ਅੰਧਕਾਰ ਵਿਚੋਂ ਬਾਹਰ ਨਹੀਂ ਕੱਢਿਆ ਜਾ ਸਕਦਾ।

ਪੰਜਾਬ ਦੀ ਲੋਕਧਾਰਾ ਦੇ ਵਿਭਿੰਨ ਅੰਗਾਂ ਤੇ ਪੱਖਾਂ ਬਾਰੇ ਜਿਥੇ ਬਹੁਤ ਸਾਰੇ ਖੋਜ ਕਾਰਜ ਸਾਹਮਣੇ ਆਏ ਹਨ ਉਥੇ ਲੋਕ ਧਰਮ ਦੇ ਅਧਿਐਨ ਦੇ ਕਾਰਜ ਖ਼ੇਤਰ ਵਿਚ ਅਜੇ ਬਹੁਤ ਥੋੜ੍ਹੇ ਯਤਨ ਹੋਏ ਹਨ। ਜਿੰਨਾਂ ਕੰਮ ਪੰਜਾਬ ਦੇ ਲੋਕਗੀਤਾਂ, ਲੋਕ ਕਹਾਣੀਆਂ, ਲੋਕ ਨਾਚਾਂ ਦੇ ਹੋਰਨਾਂ ਰੂਪਾਂ ਬਾਰੇ ਹੋਇਆ ਹੈ ਉਥੇ ਲੋਕ ਧਰਮ ਦਾ ਖ਼ੇਤਰ ਕਾਫ਼ੀ ਅਣਗੌਲਿਆ ਰਿਹਾ ਹੈ ਪਰ ਫੇਰ ਵੀ ਡਾ. ਵਣਜਾਰਾ ਬੇਦੀ, ਡਾ. ਗੁਰਮੀਤ ਸਿੰਘ, ਡਾ. ਦਰਿਆ, ਰੁਪਿੰਦਰਜੀਤ ਕੌਰ ਗਿੱਲ ਅਤੇ

ਵੀ. ਪਲੈਖਾਨੋਵ, ਆਰਨਿਸਟ ਫ਼ਿਸ਼ਰ ਆਦਿ ਦੇ ਸਿਧਾਂਤ ਹਨ ਜਿਨ੍ਹਾਂ ਨੂੰ ਵਿਚਾਰਿਆ ਗਿਆ ਹੈ। ਪੰਜਾਬੀ ਵਿਦਵਾਨਾਂ ਵਿਚ ਡਾ. ਵਣਜਾਰਾ ਬੇਦੀ ਅਤੇ ਡਾ. ਗੁਰਮੀਤ ਸਿੰਘ ਦੇ ਵਿਚਾਰਾਂ ਦਾ ਅਧਿਐਨ ਕੀਤਾ ਹੈ। ਇਸ ਆਧਾਰ 'ਤੇ ਅਸੀਂ ਜਾਦੂ ਚਿੰਤਨ ਅਤੇ ਧਰਮ ਚਿੰਤਨ ਦੀਆਂ ਬੁਨਿਆਦੀ ਸਾਂਝਾਂ ਅਤੇ ਨਿਖੇੜਿਆਂ ਨੂੰ ਸਪਸ਼ਟ ਕੀਤਾ ਹੈ।

ਇਸ ਅਧਿਆਇ ਵਿਚ ਜਿਥੇ ਲੋਕ ਧਰਮ ਦੇ ਪ੍ਰਮੁੱਖ ਲੱਛਣ ਨਿਸ਼ਚਿਤ ਕਰਨ ਦਾ ਯਤਨ ਕੀਤਾ ਗਿਆ ਹੈ ਉਥੇ ਲੋਕ ਧਰਮ ਅਤੇ ਵਸ਼ਿਸ਼ਟ ਧਰਮ ਦੇ ਅੰਤਰ ਸੰਬੰਧਾਂ ਨੂੰ ਅਤੇ ਇਨ੍ਹਾਂ ਦੀ ਮੂਲ ਕਾਰਜ ਵਿਧੀ ਨੂੰ ਵਿਸਤਾਰ ਵਿਚ ਵਿਚਾਰਿਆ ਗਿਆ ਹੈ। ਇਸੇ ਪ੍ਰਸੰਗ ਵਿਚ ਅਸੀਂ ਲੋਕ ਧਰਮ, ਮਿਥ ਅਤੇ ਰੀਤ ਦੇ ਆਪਸੀ ਰਿਸ਼ਤੇ ਨੂੰ ਨਿਰਧਾਰਤ ਕਰਨ ਦਾ ਯਤਨ ਕੀਤਾ ਹੈ। ਲੋਕ ਧਰਮ ਦੀਆਂ ਰੀਤਾਂ ਜਾਂ ਪੂਜਾ ਵਿਧੀਆਂ ਦੀ ਕੋਈ ਨਿਰੋਲ ਮਕਾਨਕੀ ਕਿਰਿਆ ਨਹੀਂ ਹੁੰਦੀ ਸਗੋਂ ਇਹ ਸੰਬੰਧਿਤ ਜਾਤੀ ਦੇ ਮਿਥਕ ਵਿਸ਼ਵਾਸ ਤੋਂ ਲੈ ਕੇ ਇਸ ਦੀ ਅਨੁਸ਼ਠਾਨਕ ਸਮੱਗਰੀ ਤੱਕ ਇਕ ਲੜੀ ਵਿਚ ਪਰੋਈ ਹੋਈ ਹੁੰਦੀ ਹੈ। ਇਸ ਲਈ ਅਸੀਂ ਇਸ ਅਧਿਆਇ ਵਿਚ ਲੋਕ ਧਰਮ ਦੀ ਪੂਜਾ ਵਿਧੀ ਦੇ ਤੱਤਾਂ ਨੂੰ ਵਿਚਾਰਿਆ ਹੈ। ਇਸ ਦੇ ਨਾਲ ਹੀ ਲੋਕ ਧਰਮ ਬਾਰੇ ਹੁਣ ਤੱਕ ਹੋਏ ਖੋਜ ਕਾਰਜਾਂ ਦਾ ਮੁੱਢਲਾ ਵਿਸ਼ਲੇਸ਼ਣ ਕਰਨ ਦਾ ਯਤਨ ਕੀਤਾ ਹੈ। ਇਸ ਤਰ੍ਹਾਂ ਅਸੀਂ ਲੋਕ ਧਰਮ ਦੇ ਸਮੁੱਚੇ ਪੱਖ ਪਾਸਾਰਾਂ ਨੂੰ ਆਪਣੇ ਅਧਿਐਨ ਦੇ ਘੇਰੇ ਵਿਚ ਲਿਆਉਣ ਦਾ ਯਤਨ ਕੀਤਾ ਹੈ।

ਦੂਸਰੇ ਅਧਿਆਇ 'ਪੰਜਾਬ ਦਾ ਲੋਕ ਧਰਮ : ਮਾਨਵ ਸ਼ਾਸਤਰੀ ਸੰਦਰਭ' ਵਿਚ ਅਸੀਂ ਪੰਜਾਬ ਦੇ ਲੋਕ ਧਰਮ ਦੇ ਪਰਾਇਤਿਹਾਸਕ ਅਤੇ ਇਤਿਹਾਸਕ ਪ੍ਰਸੰਗਾਂ ਨੂੰ ਉਜਾਗਰ ਕਰਨ ਦਾ ਯਤਨ ਕੀਤਾ ਹੈ। ਇਸ ਅਧਿਆਇ ਵਿਚ ਅਸੀਂ ਪੰਜਾਬ ਦੇ ਲੋਕ ਧਰਮ ਦੇ ਸੰਗਠਨ ਅਤੇ ਪਰੰਪਰਾ ਦੀ ਨਿਰਮਾਣਕਾਰੀ ਕਰਨ ਵਾਲੇ ਪਰਾ-ਇਤਿਹਾਸਕ ਅਤੇ ਇਤਿਹਾਸਕ ਸੰਦਰਭਾਂ ਨਾਲ ਜੁੜੇ ਤੱਤਾਂ ਦੀ ਨਿਸ਼ਾਨਦੇਹੀ ਕੀਤੀ ਹੈ। ਪੰਜਾਬ ਦੇ ਲੋਕ ਧਰਮ ਦੀਆਂ ਜੜ੍ਹਾਂ ਧੁਰ ਅਤੀਤ ਵਿਚ ਪਈਆਂ ਹਨ। ਇਸ ਦੀ ਪਰੰਪਰਾ ਦੀ ਨਿਰਮਾਣਕਾਰੀ ਵਿਚ ਜਿਹੜੇ ਪੱਖਾਂ, ਤੱਤਾਂ ਅਤੇ ਧਿਰਾਂ ਨੇ

ਪੰਜਾਬ ਦੀ ਧਰਤੀ ਉੱਤੇ ਪਹਿਲਾ ਵੱਡਾ ਸਾਂਸਕ੍ਰਿਤਕ ਮਿਸ਼ਰਣ ਵੈਦਿਕ ਅਤੇ ਪੂਰਵ ਵੈਦਿਕ ਲੋਕਾਂ ਦੇ ਮਿਲਣ ਤੋਂ ਹੁੰਦਾ ਹੈ। ਇਸ ਸੰਗਮ ਨਾਲ ਦੋਹਾਂ ਸੰਸਕ੍ਰਿਤੀਆਂ ਦੇ ਲੋਕਾਂ ਦੀਆਂ ਧਾਰਮਿਕ ਮਾਨਤਾਵਾਂ ਅਤੇ ਪੂਜਾ ਪੱਧਤੀਆਂ ਵਿਚ ਵੀ ਟਕਰਾਉ ਅਤੇ ਸੁਮੇਲ ਦੇਖਣ ਨੂੰ ਮਿਲਦਾ ਹੈ। ਪੂਰਵ ਵੈਦਿਕ ਕਾਲ ਦੀ ਦੇਵੀ ਪੂਜਾ ਦੀ ਪ੍ਰਥਾ ਅਤੇ ਮਾਤਰੀ ਸਮਾਜ ਦੀਆਂ ਪਰੰਪਰਾਵਾਂ ਦਾ ਮਿਲਣ, ਆਰੀਆ ਜਾਤੀ ਦੀ ਦੇਵਤੇ ਪੂਜਣ ਦੀ ਪ੍ਰਥਾ ਅਤੇ ਮਰਦ ਪ੍ਰਧਾਨ ਸਮਾਜਿਕ ਵਿਵਸਥਾ ਨਾਲ ਹੁੰਦਾ ਹੈ। ਸਦੀਆਂ ਲੰਮੀ ਇਸ ਇਤਿਹਾਸਕ ਪ੍ਰਕਿਰਿਆ ਵਿਚੋਂ ਪੰਜਾਬ ਦੇ ਲੋਕ ਧਰਮ ਦੀ ਇਕ ਵਿਸ਼ਾਲ ਪਰੰਪਰਾ ਦਾ ਨਿਰਮਾਣ ਹੁੰਦਾ ਹੈ। ਦੋਹਾਂ ਵਿਚੋਂ ਇਕ ਤੀਸਰੀ ਕਿਸਮ ਦੀ, ਦੋਹਾਂ ਦੇ ਆਧਾਰ ਉੱਤੇ, ਇਕ ਨਵੀਂ ਸੰਸਕ੍ਰਿਤੀ ਦਾ ਉਦੈ ਹੁੰਦਾ ਹੈ। ਇਸ ਸੰਸਕ੍ਰਿਤੀ, ਵਿਚ ਵੱਖ-ਵੱਖ ਨਸਲੀ ਪਿਛੋਕੜਾਂ ਦੇ ਲੋਕਾਂ ਦੀਆਂ ਸਾਂਸਕ੍ਰਿਤਕ ਧਾਰਾਵਾਂ ਦੇ ਰਲੇਵੇਂ ਨਾਲ ਇਕ ਨਵਾਂ ਮਿਥਿਹਾਸਕ ਅਤੇ ਲੋਕ ਵਿਸ਼ਵਾਸਾਂ ਦਾ ਪ੍ਰਬੰਧ ਸਿਰਜਿਆ ਜਾਂਦਾ ਹੈ। ਇਸ ਨਾਲ ਲੋਕ ਧਰਮ ਦੀ ਅਜਿਹੀ ਮਿੱਸੀ ਪਰੰਪਰਾ ਬਣਦੀ ਹੈ ਜਿਹੜੀ ਪੰਜਾਬ ਦੀ ਧਰਤੀ ਦਾ ਆਪਣਾ ਰੰਗ ਅਖ਼ਤਿਆਰ ਕਰਦੀ ਹੈ। ਇਸ ਦੌਰ ਵਿਚ ਦੇਵੀ ਪੂਜਾ, ਦੇਵ ਪੂਜਾ, ਪ੍ਰਕਿਰਤੀ ਪੂਜਾ, ਜੀਵ ਜਗਤ ਦੀ ਪੂਜਾ, ਬਨਸਪਤੀ ਪੂਜਾ ਅਤੇ ਪਿਤਰ ਪੂਜਾ ਇਕ ਦੂਜੇ ਦੇ ਪੂਰਕ ਰੂਪ ਵਿਚ ਹੋਂਦ ਵਿਚ ਆਉਂਦੇ ਹਨ। ਇਹ ਸਾਰੇ ਮਿਲ ਕੇ ਇਕ ਸੰਯੁਕਤ ਲੋਕਧਾਰਕ ਤੇ ਲੋਕਧਾਰਮਕ ਪ੍ਰਬੰਧ ਦੀ ਸਿਰਜਣਾ ਕਰਦੇ ਹਨ ਜਿਨ੍ਹਾਂ ਦਾ ਆਪੋ ਵਿਚ ਕੋਈ ਵਖਰੇਵਾਂ ਨਹੀਂ ਹੈ।

ਦਸਵੀਂ ਸਦੀ ਤੋਂ ਲੈ ਕੇ ਸਤਾਰ੍ਹਵੀਂ ਸਦੀ ਤੱਕ ਪੰਜਾਬ ਦੀ ਧਰਤੀ ਭਾਰਤੀ ਅਤੇ ਸਾਮੀ ਸੰਸਕ੍ਰਿਤੀਆਂ ਦੇ ਸੰਗਮ ਦਾ ਕੇਂਦਰ ਬਣੀ ਰਹੀ ਹੈ। ਇਸ ਅਧਿਆਇ ਦੇ ਤੀਜੇ ਭਾਗ ਵਿਚ ਅਸੀਂ ਮੱਧਕਾਲ ਵਿਚ, ਪੰਜਾਬ ਦੀ ਸੰਸਕ੍ਰਿਤੀ ਅਤੇ ਲੋਕਧਾਰਾ ਵਿਚ ਵਾਪਰਨ ਵਾਲੇ ਇਸ ਇਤਿਹਾਸਕ ਰੂਪਾਂਤਰਣ ਨੂੰ ਭਾਵ ਭਾਰਤੀ ਅਤੇ ਸਾਮੀ ਸੰਸਕ੍ਰਿਤੀਆਂ ਦੇ ਸੰਗਮ ਨੂੰ ਵੇਰਵੇ ਸਹਿਤ ਸਮਝਣ ਦਾ ਯਤਨ ਕੀਤਾ ਹੈ, ਕਿਉਂਕਿ ਮੱਧਕਾਲ ਵਿਚ ਸਾਮੀ ਸੰਸਕ੍ਰਿਤੀਆਂ ਦੇ ਸੰਪਰਕ ਨਾਲ ਪੰਜਾਬ ਦੇ ਲੋਕ ਧਰਮ ਵਿਚ ਪੀਰ ਫ਼ਕੀਰ ਪੂਜਾ ਪ੍ਰਥਾ ਦਾ ਇਕ ਪੱਖ ਹੋਰ ਜੁੜ

ਚੌਥੇ ਅਧਿਆਇ 'ਪੰਜ ਤੱਤਾਂ ਨਾਲ ਸੰਬੰਧਿਤ ਪੂਜਾ ਵਿਧੀਆਂ ਦਾ ਮਾਨਵ ਸ਼ਾਸਤਰੀ ਅਧਿਐਨ' ਵਿਚ ਅਸੀਂ ਮਨੁੱਖੀ ਸਰੀਰ ਦੀ ਰਚਨਾਕਾਰੀ ਨਾਲ ਸੰਬੰਧਿਤ ਮੰਨੇ ਜਾਂਦੇ ਪੰਜ ਤੱਤਾਂ ਭਾਵ ਅਗਨੀ, ਆਕਾਸ਼, ਵਾਯੂ, ਧਰਤੀ, ਪਾਣੀ ਦੇ ਮਾਨਵ ਸ਼ਾਸਤਰੀ ਪ੍ਰਸੰਗਾਂ ਦਾ ਅਧਿਐਨ ਵੈਦਿਕ ਅਤੇ ਉੱਤਰ ਵੈਦਿਕ ਸਾਹਿਤ ਦੇ ਹਵਾਲਿਆਂ ਅਤੇ ਲੋਕ ਵਿਸ਼ਵਾਸਾਂ ਦੇ ਆਧਾਰ 'ਤੇ ਕੀਤਾ ਹੈ। ਭਾਵੇਂ ਵੈਦਿਕ ਕਾਲ ਤੋਂ ਉਪਰੰਤ ਲੋਕ ਧਰਮ ਦੇ ਨਾਲ-ਨਾਲ ਸ਼ਾਸਤਰੀ ਧਰਮ ਦੀ ਇਕ ਨਿਸ਼ਚਿਤ ਪਰੰਪਰਾ ਸਥਾਪਤ ਹੋ ਚੁੱਕੀ ਸੀ ਪਰ ਸਾਡੇ ਮਿਥਿਹਾਸ ਵਿਚ ਪੰਜ ਤੱਤਾਂ ਦੀ ਲੋਕ ਸੰਕਲਪਨਾ ਅਤੇ ਪੂਜਾ ਦਾ ਵਿਧੀ ਵਿਧਾਨ, ਲੋਕ ਪਰੰਪਰਾ ਦਾ ਅੰਗ ਬਣ ਕੇ ਚਲਦਾ ਰਿਹਾ ਹੈ। ਇਸ ਨਾਲ ਜੁੜੀਆਂ ਮਿਥਿਕ ਸੰਕਲਪਨਾਵਾਂ ਭਾਵੇਂ ਵੈਦਿਕ ਧਰਮ ਤੋਂ ਬਣੀਆਂ ਹਨ ਪਰ ਲੋਕ ਧਰਮ ਵਿਚ ਇਨ੍ਹਾਂ ਦੀ ਵੰਨ-ਸੁਵੰਨੀ ਸੰਕਲਪਨਾ ਪ੍ਰਚਲਿਤ ਰਹੀ ਹੈ। ਅਸੀਂ ਹਰ ਤੱਤ ਨਾਲ ਲੋਕ ਇਸ਼ਟ ਵਜੋਂ ਜੋ ਧਾਰਨਾਵਾਂ ਜੁੜੀਆਂ ਹੋਈਆਂ ਹਨ ਉਨ੍ਹਾਂ ਦੀ ਵਿਆਖਿਆ ਕਰਨ ਦਾ ਯਤਨ ਕੀਤਾ ਹੈ। ਇਸ ਲਈ ਇਹਨਾਂ ਤੱਤਾਂ ਨੂੰ ਪੂਜਾ ਇਸ਼ਟਾਂ ਦੇ ਰੂਪ ਵਿਚ ਵਿਚਾਰਦੇ ਹੋਏ ਇਹਨਾਂ ਨਾਲ ਜੁੜੀ ਪੂਜਾ ਸਮੱਗਰੀ ਅਤੇ ਪੂਜਾ ਵਿਧੀ ਦਾ ਵਿਸ਼ਲੇਸ਼ਣ ਕੀਤਾ ਹੈ। ਇਸੇ ਤਰ੍ਹਾਂ ਅਸੀਂ ਇਨ੍ਹਾਂ ਪੰਜਾਂ ਲੋਕ ਇਸ਼ਟਾਂ ਦੀ ਲੋਕ ਧਰਮ ਵਿਚ ਪ੍ਰਚਲਿਤ ਸੰਕਲਪਨਾ ਅਤੇ ਪ੍ਰਕਾਰਜਾਂ ਦੇ ਵਿਭਿੰਨ ਪੱਖਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਹੈ।

ਲੋਕ ਧਰਮ ਵਿਚ ਇਹ ਪੰਜੇ ਤੱਤ ਮਾਨਵੀਕ੍ਰਿਤ ਪੂਜਾ ਇਸ਼ਟਾਂ ਭਾਵ ਦੇਵੀ-ਦੇਵਤਿਆਂ ਦੇ ਰੂਪ ਵਿਚ ਜੀਵੰਤ ਸ਼ਕਤੀਆਂ ਮੰਨੇ ਜਾਂਦੇ ਹਨ, ਜਿਹੜੇ ਕਿ ਮਨੁੱਖੀ ਜੀਵਨ ਵਿਚ ਵੱਖੋ-ਵੱਖਰੇ ਪ੍ਰਕਾਰਜ ਨਿਭਾਉਣ ਵਿਚ ਸਹਾਈ ਹੁੰਦੇ ਹਨ। ਹਰ ਇਕ ਲੋਕ ਇਸ਼ਟ ਦੀ ਪੂਜਾ ਦਾ ਜਿਸ ਪ੍ਰਕਾਰ ਦਾ ਮਹਾਤਮ ਮੰਨਿਆ ਜਾਂਦਾ ਹੈ ਉਸੇ ਆਧਾਰ 'ਤੇ ਅਸੀਂ ਉਸ ਦੇ ਵੀ ਮਾਨਵ ਸ਼ਾਸਤਰੀ ਆਧਾਰਾਂ ਦਾ ਵਿਸ਼ਲੇਸ਼ਣ ਕੀਤਾ ਹੈ। ਲੋਕਧਾਰਾ ਦੇ ਸਮੁੱਚੇ ਜੀਵਨ ਚੱਕਰ ਵਿਚ ਇਨ੍ਹਾਂ ਪੰਜਾਂ ਇਸ਼ਟਾਂ ਨਾਲ ਜੁੜੀ ਸਮੱਗਰੀ ਜਿਸ ਢੰਗ ਨਾਲ ਮਨੁੱਖੀ ਜੀਵਨ ਦੀ ਸੁਰੱਖਿਆ,

ਵਜੋਂ; ਸ਼ੁੱਭ ਅਤੇ ਅਸ਼ੁੱਭ ਕਾਰਜਾਂ ਨਾਲ ਸੰਬੰਧਿਤ ਅਤੇ ਬਲਾਵਾਂ ਟਾਲਣ ਅਤੇ ਕਸ਼ਟ ਨਿਵਾਰਕ ਚਿੰਨ੍ਹਾਂ ਵਜੋਂ। ਇਹਨਾਂ ਰੁੱਖਾਂ ਅਤੇ ਬੂਟਿਆਂ ਦੀ ਪੂਜਾ ਜਿਥੇ ਟੋਟਮ ਚਿੰਨ੍ਹਾਂ ਜਾਂ ਆਤਮਾਵਾਂ ਦੇ ਨਿਵਾਸ ਨਾਲ ਸੰਬੰਧਿਤ ਹੈ ਉਥੇ ਬਹੁਤ ਸਾਰੇ ਰੁੱਖ ਸਰੀਰਕ ਚਿਕਿਤਸਾ ਲਈ ਉਪਯੋਗੀ ਹੋਣ ਕਰਕੇ ਪੂਜੇ ਜਾਣੇ ਆਰੰਭ ਹੋਏ ਹੋਣਗੇ। ਜਿਹੜੇ ਲੋਕ ਵਿਸ਼ਵਾਸਾਂ ਨਾਲ ਜੁੜ ਕੇ ਲੋਕ ਧਰਮ ਦਾ ਅੰਗ ਬਣੇ।

ਅਸੀਂ ਆਪਣੀ ਸਮਝ ਸੂਝ ਅਤੇ ਪ੍ਰਾਪਤ ਅਧਿਐਨ ਸਮੱਗਰੀ ਦੇ ਆਧਾਰ ਉੱਤੇ ਪੰਜਾਬ ਦੇ ਲੋਕ ਧਰਮ ਦੇ ਇਸ ਵਰਤਾਰੇ ਨੂੰ ਸਮਝਣ ਦਾ ਯਤਨ ਕੀਤਾ ਹੈ ਪਰ ਕੋਈ ਅੰਤਿਮ ਦਾਅਵਾ ਨਹੀਂ। ਇਹ ਧਾਰਨਾਵਾਂ ਅਗਲੇਰੇ ਅਧਿਐਨ ਦੇ ਆਧਾਰ ਉੱਤੇ ਸੋਧੀਆਂ ਵਿਚਾਰੀਆਂ ਜਾ ਸਕਦੀਆਂ ਹਨ ਕਿਉਂਕਿ ਕੋਈ ਵੀ ਅਧਿਐਨ ਆਪਣੇ ਆਪ ਵਿਚ ਸੰਪੂਰਨ ਨਹੀਂ ਹੁੰਦਾ। ਇਸ ਨੂੰ ਖੋਜ-ਪੰਧ ਦਾ ਇਕ ਪੜਾਅ ਕਿਹਾ ਜਾ ਸਕਦਾ ਹੈ।

ਇਸ ਖੋਜ ਕਾਰਜ ਦੀ ਰੂਪ ਰੇਖਾ ਉਲੀਕਣ ਤੋਂ ਲੈ ਕੇ ਇਸ ਨੂੰ ਅੰਤਿਮ ਛੋਹਾਂ ਦੇਣ ਤੱਕ ਮੈਨੂੰ ਮੇਰੇ ਖੋਜ ਨਿਗਰਾਨ ਸਤਿਕਾਰਤ ਪਰੋਫੈਸਰ ਡਾ. ਨਾਹਰ ਸਿੰਘ ਹੋਰਾਂ ਵੱਲੋਂ ਨਿਰੰਤਰ ਸਹਿਯੋਗ ਅਤੇ ਪਰੇਰਨਾ ਮਿਲਦੀ ਰਹੀ ਹੈ। ਮੈਂ ਉਹਨਾਂ ਦੀ ਇਸੇ ਭਰਪੂਰ ਬੌਧਿਕ ਅਗਵਾਈ ਸਦਕਾ ਹੀ ਇਹ ਖੋਜ ਕਾਰਜ ਸੰਪੰਨ ਕਰ ਸਕੀ ਹਾਂ। ਉਹਨਾਂ ਦੇ ਆਭਾਰ ਲਈ ਧੰਨਵਾਦ ਵਰਗੇ ਸ਼ਬਦ ਰਸਮੀ ਹੋਣਗੇ।

ਮੈਂ ਪੰਜਾਬੀ ਅਧਿਐਨ ਸਕੂਲ ਦੇ ਚੇਅਰਮੈਨ ਸਤਿਕਾਰਤ ਪਰੋਫੈਸਰ ਜਗਜੀਤ ਸਿੰਘ, ਡਾ. ਯੋਗਰਾਜ ਅੰਗਰਿਸ਼ ਅਤੇ ਡਾ. ਸੁਰਿੰਦਰ ਕੁਮਾਰ ਦਵੇਸ਼ਵਰ ਦੀ ਧੰਨਵਾਦੀ ਹਾਂ ਜਿਨ੍ਹਾਂ ਨੇ ਮੇਰੀਆਂ ਬਹੁਤ ਸਾਰੀਆਂ ਖੋਜ ਸਮੱਸਿਆਵਾਂ ਨੂੰ ਹੱਲ ਕਰਨ ਵਿਚ ਮੈਨੂੰ ਸਹਿਯੋਗ ਦਿੱਤਾ ਹੈ। ਮੈਂ ਉਹਨਾਂ ਸਾਰੇ ਵਿਦਵਾਨਾਂ ਦੀ ਵੀ ਤਹਿ ਦਿਲੋਂ ਧੰਨਵਾਦੀ ਹਾਂ ਜਿਨ੍ਹਾਂ ਦੀਆਂ ਪੁਸਤਕਾਂ ਨੂੰ ਮੈਨੂੰ ਇਸ ਖੋਜ ਕਾਰਜ ਦੌਰਾਨ ਪੜ੍ਹਨ ਦਾ ਮੌਕਾ ਮਿਲਿਆ ਹੈ ਅਤੇ ਮੇਰੇ ਇਸ ਖੋਜ ਕਾਰਜ ਵਿਚ